# ਸਤਲੁਜ ਦੇ ਹਮਸਫ਼ਰ

ਮਲਵਿੰਦਰ ਜੀਤ ਸਿੰਘ ਵੜੈਚ*

**ਆਪਣੀ ਫ਼ਾਸੀ ਤੋਂ ਤਿੰਨ ਦਿਨ ਪਹਿਲਾਂ 20 ਮਾਰਚ 1931 ਨੂੰ ਪੰਜਾਬ ਦੇ ਲਾਟ ਨੂੰ, ਤਿੰਨਾਂ — ਸੁਖ ਦੇਵ, ਭਗਤ ਸਿੰਘ ਅਤੇ ਰਾਜ ਗੁਰੂ ਵੱਲੋਂ, ਭਗਤ ਸਿੰਘ ਦੁਆਰਾ ਲਿਖ ਭੇਜੀ ਚਿੱਠੀ ਦਾ ਤੱਤ-ਸਾਰ ਇਹ ਸੀ ਕਿ ਇਹ ਇਨਕਲਾਬੀ ਜੱਦੋ-ਜਹਿਦ, ਜਿਸ ਵਿੱਚ ਅਸੀਂ ਸ਼ਾਮਿਲ ਹੋਏ ਹਾਂ, ਨਾ ਸਾਡੇ ਤੋਂ ਸ਼ੁਰੂ ਹੋਈ ਤੇ ਨਾ ਸਾਡੇ ਮਿਟ ਜਾਣ ਨਾਲ ਖ਼ਤਮ ਹੋਵੇਗੀ, ਤੇ ਜਿੰਨਾ ਚਿਰ ਗ਼ੈਰ-ਬਰਾਬਰੀ ਤੇ ਗ਼ੁਲਾਮੀ ਦਾ ਮਲੀਆਮੇਟ ਨਹੀਂ ਹੋ ਜਾਂਦਾ, ਇਹ ਨਿਰੰਤਰ ਜਾਰੀ ਰਹੇਗੀ। ਚਿੱਠੀ ਦਾ ਮੂਲ ਮੁੱਦਾ ਇਹ ਸੀ ਕਿ ਤੁਹਾਡੀ ਅਦਾਲਤ ਨੇ ਸਾਨੂੰ ਬਾਦਸ਼ਾਹ ਵਿਰੁੱਧ ਜੰਗ ਛੇੜਣ ਦਾ ਦੋਸ਼ੀ ਗਰਦਾਨ ਕੇ ਮੌਤ ਦੀ ਸਜ਼ਾ ਸੁਣਾਈ ਹੈ। ਜੇ ਵਾਕਈ ਤੁਸੀਂ ਆਪਣੀ ਅਦਾਲਤ ਦੇ ਫ਼ਰਮਾਨ ਦਾ ਪਾਲਣ ਕਰ ਰਹੇ ਹੋ ਤਾਂ ਫਿਰ ਸਾਨੂੰ ਜੰਗੀ ਕੈਦੀ ਹੋਣ ਦੀ ਹੈਸ਼ੀਅਤ ਵਿੱਚ ਫ਼ਾਂਸੀ ਨਾ ਚੜ੍ਹਾ ਕੇ ਗੋਲੀਆਂ ਨਾਲ ਉਡਾ ਦਿਓ।**



**ਸੁਖ ਦੇਵ, ਭਗਤ ਸਿੰਘ ਅਤੇ ਰਾਜ ਗੁਰੂ**

23-24 ਮਾਰਚ 1931 ਦੀ ਅੰਨ੍ਹੀਂ ਬੋਲ਼ੀ ਰਾਤ ਨੂੰ, ਤਿੰਨ ਆਜ਼ਾਦੀ ਪਰਵਾਨਿਆਂ ਦਾ ਚੋਰੀ-ਚੋਰੀ ਸਤਲੁਜ ਨਦੀ ਕੰਢੇ ਸਮੂਹਕ ਅੰਤਮ ਸੰਸਕਾਰ ਕਰਦਿਆਂ ਹੋਇਆਂ ਬੇਦਰਦ ਜਾਬਰਾਂ ਦੇ ਕਿਤੇ ਚਿੱਤ ਚੇਤੇ ਵੀ ਨਹੀਂ ਹੋਵੇਗਾ ਕਿ ਜਿੱਥੇ ਅਸੀਂ ਇਨ੍ਹਾਂ ਤਿੰਨਾਂ ਨੂੰ ਸਦਾ-ਚਿਰ ਜੀਵਤ ਕਰ ਰਹੇ ਹਾਂ, ਉਥੇ ਆਪਣੀ 200 ਸਾਲਾਂ ਦੀ ਰਾਜ ਧੌਂਸ ਦਾ ਭੋਗ ਪਾ ਰਹੇ ਹਾਂ; ਅਤੇ ਜਿਸ ਦੀ ਅੰਤਮ ਕਿਰਿਆ ਸਿਰਫ਼ ਡੇਢ ਦਹਾਕੇ ਵਿੱਚ ਹੀ ਸੰਪੰਨ ਹੋ ਜਾਵੇਗੀ।

ਵਕਤ, ਮਕਾਮ, ਪਰਿਵਾਰ ਪੱਖੋਂ, ਪਹਿਲਾਂ ਪ੍ਰਕਾਸ਼ ਹੁੰਦਾ ਹੈ ਸੁਖ ਦੇਵ ਦਾ, 19 ਫਰਵਰੀ 1907 ਨੂੰ, ਲੁਧਿਆਣਾ ਸ਼ਹਿਰ ਦੇ ਨੌਘਰਾ ਮੁਹੱਲੇ, ਮਾਤਾ ਸ਼੍ਰੀਮਤੀ ਰਲੀ ਦੇਵੀ, ਪਿਤਾ ਲਾਲਾ ਰਾਮ ਲਾਲ ਥਾਪਰ ਦੇ ਘਰ ਵਿੱਚ। ਭਾਵੇਂ ਕਿ ਸਿਰਫ਼ ਤਿੰਨ ਸਾਲਾਂ ਦੇ ਹੋਣ 'ਤੇ, ਪਿਤਾ ਜੀ ਦੇ ਗੁਜ਼ਰ ਜਾਣ ਉਪਰੰਤ, ਇਹ ਲਾਇਲਪੁਰ (ਹੁਣ ਫ਼ੈਸਲਾਬਾਦ, ਪਾਕਿਸਤਾਨ) ਆਪਣੇ ਤਾਇਆ ਜੀ, ਲਾਲਾ ਚਿੰਤ ਰਾਮ ਕੋਲ ਹੀ ਰਹੇ, ਜਿੱਥੇ ਇਨ੍ਹਾਂ ਦਾ ਮੇਲ ਭਗਤ ਸਿੰਘ ਨਾਲ ਹੋਇਆ ਸੀ। ਭਗਤ ਸਿੰਘ ਦਾ ਜਨਮ ਸੁਖ ਦੇਵ ਦੇ ਜਨਮ ਤੋਂ, ਕੋਈ ਸੱਤ ਕੁ ਮਹੀਨੇ ਪਿਛੋਂ ਪਿੰਡ-ਚੱਕ ਨੰ: 105 ਬੰਗਾ, ਜ਼ਿਲ੍ਹਾ ਲਾਇਲਪੁਰ, ਮਾਤਾ ਸ਼੍ਰੀਮਤੀ ਵਿੱਦਿਆਵਤੀ, ਪਿਤਾ ਸ. ਕਿਸ਼ਨ ਸਿੰਘ ਦੇ ਘਰ 28 ਸਤੰਬਰ 1907 ਵਿੱਚ ਹੋਇਆ; ਅਤੇ ਇਨ੍ਹਾਂ ਤੋਂ ਪਿੱਛੋਂ 'ਭਾਈ ਕਾਹਲਾ ਜੀ' ਅਰਥਾਤ ਸ਼ਿਵ ਰਾਮ ਹਰੀ ਰਾਜ ਗੁਰੂ ਦਾ ਜਨਮ ਹੋਇਆ, ਮਾਤਾ ਸ਼੍ਰੀਮਤੀ ਪਾਰਵਤੀ ਬਾਈ, ਪਿਤਾ ਹਰੀ ਰਾਜ ਗੁਰੂ, ਪਿੰਡ ਖੈੜ (ਹੁਣ ਰਾਜ ਗੁਰੂ ਨਗਰ), ਪੂਨਾ (ਮਹਾਂਰਾਸ਼ਟਰ) 'ਚ ਮਿਤੀ 24 ਅਗਸਤ 1908 ਨੂੰ।

* Email: mjswaraich29@gmail.com; Ph: 0172-2556314; FaceBook: Prof. Malwinder Jit Singh Waraich

ਲਾਇਲਪੁਰ ਇਲਾਕੇ ਦੀ ਬੰਜਰ ਪਰ ਉਪਜਾਊ ਧਰਤੀ ਨੂੰ ਭਾਗ ਲਾਏ ਉਨੀਂਵੀਂ ਸਦੀ ਦੇ ਅਖੀਰਲੇ ਦਹਾਕੇ ਦੌਰਾਨ ਅੰਗਰੇਜ਼ ਹਾਕਮ ਵਲੋਂ ਵਿਉਂਤੀਆਂ ਨਹਿਰਾਂ ਨੇ, ਆਪਣੇ ਦੇਸ਼ ਦੀਆਂ ਸੱਨਅਤਾਂ ਲਈ ਕਪਾਹ ਵਗੈਰਾ ਜਿਹੇ ਕੱਚੇ ਮਾਲ ਦੀ ਲੋੜ ਦੀ ਪੂਰਤੀ ਲਈ। ਜਿਮੀਂਦਾਰਾਂ ਦੇ ਪਰਿਵਾਰ ਵੱਡੀ ਗਿਣਤੀ ਵਿੱਚ, ਜੱਦੀ ਪਿੰਡਾਂ ਦੀ ਸੌੜੀ ਮਾਲਕੀ ਤੋਂ ਅੱਕੇ ਹੋਏ ਉਥੇ ਜਾ ਬਿਰਾਜੇ, ਜਿਨ੍ਹਾਂ ਵਿੱਚ ਪਿੰਡ ਖਟਕੜ ਕਲਾਂ, ਜ਼ਿਲ੍ਹਾ ਜਲੰਧਰ ਵਾਸੀ ਸ. ਅਰਜਨ ਸਿੰਘ ਵੀ ਸ਼ਾਮਿਲ ਸਨ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਪੁੱਤਰ ਸ. ਕਿਸ਼ਨ ਸਿੰਘ, ਭਗਤ ਸਿੰਘ ਦੇ ਪਿਤਾ ਜੀ ਵੀ ਸਨ। ਇਸ ਨੌਂ-ਆਬਾਦ ਧਰਤੀ ਨੇ ਜਿੱਥੇ ਸਾਮਰਾਜੀ ਕਾਰਖ਼ਾਨਿਆਂ ਦੀ ਕੁੱਖ ਹਰੀ ਕਰਨ ਵਿੱਚ ਯੋਗਦਾਨ ਪਾਇਆ, ਉਥੇ ਨਾਲ ਹੀ ਇਹ, ਇਹਦਾ ਮਲੀਆਮੇਟ ਕਰਨ ਵਾਲੀ ਪੌਦ ਵਾਸਤੇ ਵੀ ਉਪਜਾਊ ਸਿੱਧ ਹੋਈ। 1905 'ਚ ਅੰਗ੍ਰੇਜ਼ੀ ਸਰਕਾਰ ਦੇ ਬੰਗਾਲ ਦੀ ਵੰਡ 'ਪਾੜੋ ਤੇ ਰਾਜ ਕਰੋ' ਦੇ ਫੈਸਲੇ ਦੀ ਚਾਲ ਨੂੰ ਸਮਝਦਿਆਂ, ਪਹਿਲੀ ਵਾਰੀ ਵਿਦੇਸ਼ੀ ਰਾਜ ਵਿਰੁੱਧ ਦੇਸ਼ ਵਿਆਪੀ ਜਨਤਕ ਵਿਰੋਧ ਦੀ ਸ਼ੁਰੂਆਤ ਹੋਈ; ਅਤੇ ਪੰਜਾਬ ਵਿੱਚ ਪਹਿਲੀ ਵਾਰ ਵਿਦੇਸ਼ੀ ਸਰਕਾਰ ਵਿਰੁੱਧ ਲੋਕ ਰੋਹ ਦੀ ਸ਼ੁਰੂਆਤ ਹੋਈ 1906-07 ਦੌਰਾਨ, ਜਦ ਅੰਗ੍ਰੇਜ਼ੀ ਹਕੂਮਤ ਨੇ, ਨੌਂ-ਆਬਾਦ ਜ਼ਮੀਨਾਂ ਦੇ ਹੱਕੀ ਮਾਲਕਾਂ ਦੀ ਮਾਲਕੀ ਦੇ ਹੱਕ ਖੋਹ ਲੈਣ ਲਈ ਕਾਨੂੰਨ ਬਣਾਇਆ। ਭਗਤ ਸਿੰਘ ਦਾ ਪ੍ਰਸਿੱਧ ਲੇਖ "ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਦਾ ਪਹਿਲਾ ਉਭਾਰ" ਇਸ ਉਭਾਰ ਨੂੰ ਮੂਰਤੀਮਾਨ ਕਰਦਾ ਹੈ।

ਇਸ ਵਾਵਰੋਲੇ ਦੀ ਲਪੇਟ ਵਿੱਚ ਭਗਤ ਸਿੰਘ ਦੇ ਪਿਤਾ ਜੀ ਨੂੰ ਗ੍ਰਿਫ਼ਤਾਰੀ ਤੋਂ ਬਚਣ ਲਈ ਨੇਪਾਲ ਜਾਣਾ ਪੈਂਦਾ ਹੈ; ਚਾਚਾ ਜੀ, ਸ. ਅਜੀਤ ਸਿੰਘ ਨੂੰ ਜਲਾਵਤਨ ਕਰਕੇ ਬਰਮਾ ਵਿੱਚ ਨਜ਼ਰਬੰਦ ਕੀਤਾ ਜਾਂਦਾ ਹੈ ਅਤੇ ਛੋਟੇ ਚਾਚਾ ਜੀ, ਸ. ਸਵਰਨ ਸਿੰਘ ਨੂੰ ਬੰਦੀਖ਼ਾਨੇ ਵਿੱਚ ਸੁਟ ਦਿੱਤਾ ਜਾਂਦਾ ਹੈ।

ਇਸ ਜੁਗ-ਗਰਦੀ ਦੇ ਦੌਰ ਵਿੱਚ ਜੁਗ-ਗਰਦੀ ਦੇ ਕੇਂਦਰ ਬਿੰਦੂ ਭਾਵ ਲਾਇਲਪੁਰ ਦੀ ਉਪਜਾਊ ਧਰਤੀ 'ਚ ਪਾਲਣ-ਪੋਸ਼ਣ ਹੁੰਦਾ ਹੈ ਸੁਖ ਦੇਵ ਤੇ ਭਗਤ ਸਿੰਘ ਦਾ। ਭਾਵੇਂ ਕਿ ਇਹ ਸਾਰਾ ਕਝ ਇਨ੍ਹਾਂ ਦੇ ਜਨਮ ਜਾਂ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਵਾਪਰਦਾ ਹੈ, ਪਰ ਇਸ ਦੌਰ ਦੀਆਂ ਪੈੜਾਂ ਅਲੋਪ ਨਹੀਂ ਸੀ ਹੋਈਆਂ ਤੇ 'ਪਗੜੀ ਸੰਭਾਲ ਉਏ ਜੱਟਾ' ਦੇ ਦਿਲ ਹਿਲਾਊ ਗੀਤ ਦੀ ਗੂੰਜਾਰ ਅਜੇ ਵੀ ਨਾ ਸਿਰਫ਼ ਲੋਕ ਮਨਾਂ 'ਤੇ ਭਾਰੂ ਸੀ, ਬਲਕਿ ਹਰੇਕ ਦੀ ਜ਼ੁਬਾਨ 'ਤੇ ਵੀ ਸਹਿਜੇ ਹੀ ਆਉਂਦੀ ਰਹਿੰਦੀ ਸੀ। ਉਧਰ ਪੂਨੇ ਦੀ ਧਰਤੀ, ਜਿੱਥੇ ਉਨ੍ਹੀਂਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਤਿੰਨ ਚਾਪੇਕਰ ਵੀਰ — ਦਮੋਦਰ, ਬਾਲ ਕ੍ਰਿਸ਼ਨ, ਵਾਸੂਦੇਵ ਤੇ ਇਨ੍ਹਾਂ ਦੇ ਨੇੜਲੇ ਸਾਥੀ ਰਾਨੇਡੇ ਨੇ ਸ਼ਹਾਦਤ ਦੀਆਂ ਪਿਰਤਾਂ ਪਾਈਆਂ ਸਨ; ਤੇ ਗ਼ਦਰ ਲਹਿਰ ਵੇਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਤੋਂ ਪਰਤੇ ਸਾਥੀ ਵਿਸ਼ਨੂੰ ਗਣੇਸ਼ ਪਿੰਗਲੇ ਨੇ ਪੰਜਾਬ-ਮਹਾਰਾਸ਼ਟਰ ਦੀ ਸ਼ਹੀਦੀ ਪਰਪਰਾ 'ਤੇ ਫੁੱਲ ਚਾੜ੍ਹੇ ਸਨ। ਫਿਰ ਸ਼ਿਵ ਰਾਮ ਰਾਜ ਗੁਰੂ ਪਹੁੰਚ ਜਾਂਦੇ ਹਨ ਬਨਾਰਸ ਦੇ ਪ੍ਰਸਿੱਧ ਧਾਰਮਿਕ ਸ਼ਹਿਰ ਵਿੱਚ, ਬਤੌਰ ਡਰਿਲ/ਗਤਕਾ ਮਾਸਟਰ ਦੇ। ਉਧਰ ਇਨਕਲਾਬੀ ਪਾਰਟੀ ਨੂੰ ਦਿੱਲੀ ਵਿੱਚ ਕਿਸੇ 'ਐਕਸ਼ਨ' ਲਈ ਇੱਕ ਕਾਰਕੁੰਨ ਦੀ ਥੁੜ ਸੀ। ਕਿਸੇ ਭਰੋਸੇਯੋਗ ਸਾਥੀ ਦੀ ਨਿਸ਼ਾਨਦੇਹੀ 'ਤੇ ਸ਼ਿਵ ਵਰਮਾ ਜੀ ਜਾ ਪਹੁੰਚਦੇ ਹਨ ਬਨਾਰਸ 'ਚ ਸ਼ਿਵ ਰਾਮ ਜੀ ਨੂੰ ਤੇ ਨਾਲ ਲੈ ਆਉਂਦੇ ਹਨ ਆਪਣੇ ਹੋਸਟਲ ਵਿੱਚ। ਇਹ ਹੋਸਟਲ ਵੀ ਇਨਕਲਾਬੀਆਂ ਦੀ ਇੱਕ ਤਰ੍ਹਾਂ ਨਾਲ ਠਾਹਰ ਜਿਹੀ ਸੀ, ਜਿੱਥੇ ਭਗਤ ਸਿੰਘ, ਸੁਖ ਦੇਵ ਤੇ ਹੋਰ ਮਫਰੂਰ ਸਾਥੀ ਠਹਿਰਿਆ ਕਰਦੇ ਸਨ। ਬਸ ਕੁੱਝ ਹੀ ਦਿਨਾਂ ਵਿੱਚ ਹੀ ਪੂਨੇ ਦੇ ਮਹਿਮਾਨ ਦੀਆਂ 'ਸਤੌੜ' ਵਜੋਂ ਧੁੰਮਾਂ ਪੈ ਗਈਆਂ। ਖਾਣਾ ਵੀ ਬਿਸਤਰੇ ਦੀ ਰਜਾਈ ਵਿੱਚ ਹੀ ਖਾ ਲੈਣਾ।

ਇੱਕ ਵਾਰੀ ਆਗਰੇ ਵਿੱਚ 1929 ਦੇ ਸ਼ੁਰੂ ਵਿੱਚ ਲਗਭਗ ਸਾਰੇ ਹੀ ਸਾਥੀ ਹਾਸਾ ਮਜ਼ਾਕ ਕਰ ਰਹੇ ਸਨ ਤੇ ਵਿਸ਼ਾ ਸੀ, "ਕੌਣ ਕਿਵੇਂ ਫੜਿਆ ਜਾਏਗਾ ਤੇ ਫੜੇ ਜਾਣ ਤੇ ਕੀ ਕਰੇਗਾ?"

ਇਹ ਹਜ਼ਰਤ (ਰਾਜ ਗੁਰੂ) ਤਾਂ ਸੁੱਤੇ ਹੀ ਫੜੇ ਜਾਣਗੇ। ਇਨ੍ਹਾਂ ਦੀ ਅੱਖ ਹਵਾਲਾਤ ਵਿੱਚ ਹੀ ਖੁੱਲ੍ਹੇਗੀ ਅਤ ਇਹ ਪਹਿਰੇਦਾਰ ਨੂੰ ਪੁੱਛਣਗੇ... ਕੀ ਮੈਂ ਸੱਚਮੁੱਚ ਹੀ ਫੜਿਆ ਗਿਆ ਹਾਂ ਜਾਂ ਸੁਪਨਾ ਵੇਖ ਰਿਹਾ ਹਾਂ!" ...ਤੇ ਹੋਇਆ ਵੀ ਲਗਭਗ ਇੰਜ ਹੀ, ਜਨਾਬ 30 ਸਤੰਬਰ 1929 ਦੀ ਰਾਤ ਨੂੰ 3 ਵਜੇ ਸੁੱਤੇ ਹੋਏ ਹੀ ਪਲਾਟ ਨੰ: 20, ਤਿਲਕ ਰੋਡ, ਪੂਨਾ ਤੋਂ ਅਸਲੇ ਸਮੇਤ ਗ੍ਰਿਫਤਾਰ ਹੋਏ। ਹਾਂ, ਤੇ ਜਦੋਂ ਇਨ੍ਹਾਂ ਨੂੰ ਪਹਿਲੀ ਵਾਰੀ ਅਕਤੂਬਰ

1929 ਨੂੰ ਲਾਹੌਰ ਦੇ ਸਪੈਸ਼ਲ ਮੈਜਿਸਟ੍ਰੇਟ ਮੂਹਰੇ ਪੁਲਿਸ ਨੇ ਰਿਮਾਂਡ ਲੈਣ ਲਈ ਪੇਸ਼ ਕੀਤਾ, ਤਾਂ ਪੈਂਦੇ ਹੀ ਮੈਜਿਸਟ੍ਰੇਟ ਨੇ ਕਿਹਾ, "ਨਾਮ ਤੋ ਤੁਮਹਾਰਾ ਰਾਜ ਗੁਰੂ ਹੈ ਔਰ ਇਲਜ਼ਾਮ ਤੁਮ ਪਰ ਯਹ ਹੈ?" "ਹਾਂ, ਮੇਰਾ ਕਾਮ ਹੈ ਰਾਜਾ ਕੋ ਸਿਕਸ਼ਾ ਦੇਨਾ" ਜਵਾਬ ਸੀ ਰਾਜ ਗੁਰੂ ਦਾ।

ਹਾਂ, ਤੇ ਭਗਤ ਸਿੰਘ ਕਿਸੇ ਸਿਨੇਮਾ ਹਾਲ ਵਿੱਚ ਫੜੇ ਜਾਣਗੇ। ਫੜੇ ਜਾਣ 'ਤੇ ਪੁਲਿਸ ਵਾਲਿਆਂ ਨੂੰ ਕਹਿਣਗੇ, ਜੀ ਹਾਂ ਜੇ ਸਾਨੂੰ ਫੜ ਲਿਆ ਤਾਂ ਕੀ ਗਜ਼ਬ ਹੋ ਗਿਆ। ਫ਼ਿਲਮ ਤਾਂ ਪੂਰੀ ਦੇਖ ਲੈਣ ਦਿਉ। ...ਖ਼ੈਰ, ਉਨ੍ਹਾਂ ਨੇ ਤਾਂ ਆਤਮ ਸਮਰਪਣ ਕੀਤਾ ਦਿੱਲੀ ਅਸੈਂਬਲੀ ਵਿੱਚ, 8.4.1929 ਨੂੰ, ਬੀ.ਕੇ. ਦੱਤ ਨਾਲ; ਪਰ ਫ਼ਿਲਮ ਦੇ ਭੂਤ ਨੇ ਇਨ੍ਹਾਂ ਨੂੰ ਸਾਂਡਰਸ ਦੇ ਕਤਲ ਤੋਂ ਐਨ ਪਹਿਲਾਂ ਭਾਵ 17.12.1928 ਦੀ ਪਿਛਲੀ ਰਾਤ 'ਕਾਕੋਰੀ ਡੇ' ਸਮਾਗਮ ਤੋਂ ਪਰਤਦੇ ਹੋਏ 'ਟੋਮ ਕਾਕਾ ਕੀ ਕੁਟਿਆ' ਵੇਖਣ ਦੀ ਐਨੀ ਜ਼ਬਰਦਸਤ ਤਲਬ ਹੋਈ ਕਿ ਸਾਥੀ ਭਗਵਾਨ ਦਾਸ ਮਾਹੌਰ ਤੋਂ ਜ਼ਬਰਦਸਤੀ ਰਾਤ ਦੇ ਖਾਣੇ ਲਈ ਦਿੱਤੀਆਂ ਚੁਆਨੀਆਂ ਖੋਹ ਕੇ ਸਿਨੇਮਾ ਹਾਲ ਜਾਕੇ ਫਿਲਮ ਦੀ ਟਿਕਟ ਖਰੀਦੀ ਤੇ ਫਿਲਮ ਦੇਖਣ ਉਪਰੰਤ ਹੀ ਰਾਤੀ ਨੀਂਦ ਆਈ।

ਬਾਕੀ ਰਹੀ ਗੱਲ ਸੁਖ ਦੇਵ ਹੋਰਾਂ ਦੀ, ਪਤਾ ਨਹੀਂ ਕਿਸੇ ਕਾਰਨ ਇਨ੍ਹਾਂ ਬਾਰੇ ਕੋਈ ਅਜਿਹੀ ਭਵਿੱਖਬਾਣੀ ਨਹੀਂ ਸੀ ਕੀਤੀ ਗਈ।... ਹਾਂ, ਭਗਤ ਸਿੰਘ ਨੇ ਆਜ਼ਾਦ ਨੂੰ ਹੰਸੀ-ਮਜਾਕ ਕਰਦੇ ਹੋਏ ਕਿਹਾ, "ਪੰਡਿਤ ਜੀ! ਫੜੇ ਜਾਣ ਤੇ ਤੁਹਾਡੇ ਲਈ ਦੋ ਰੱਸਿਆਂ ਦੀ ਲੋੜ ਪਵੇਗੀ।"... ਤਾਂ ਆਜ਼ਾਦ ਕਹਿਣ ਲੱਗੇ, "ਦੇਖ ਫਾਂਸੀ ਜਾਣ ਦਾ ਸ਼ੌਕ ਮੈਨੂੰ ਨਹੀਂ ਹੈ। ਉਹ ਤੈਨੂੰ ਮੁਬਾਰਕ ਹੋਵੇ, ਰੱਸਾ-ਫੱਸਾ ਤੇਰੇ ਗਲੇ ਲਈ ਹੈ। ਜਦ ਤੱਕ ਇਹ 'ਬਮਤੁਲ ਬੁਖਾਰਾ' (ਮਾਉਜਰ) ਮੇਰੇ ਕੋਲ ਹੈ, ਕਿਸ ਨੇ ਮਾਂ ਦਾ ਦੂਧ ਪੀਤਾ ਹੈ, ਜੋ ਮੈਨੂੰ ਜਿੰਦੇ ਨੂੰ ਫੜ ਲੈ ਜਾਏ।"

ਆਗਰੇ ਆਪਣੇ ਨਿਵਾਸ ਦੌਰਾਨ ਸਾਰੇ ਹੀ ਕਦੇ-ਕਦੇ ਸ਼ਾਮੀ ਸੈਰ-ਸਪਾਟੇ ਲਈ ਤਾਜ ਮਹੱਲ ਜਾਂਦ ਸਨ। ਇੱਕ ਦਿਨ ਰਾਜ ਗੁਰੂ ਉਥੋਂ ਜਦ ਪਰਤੇ ਤਾਂ ਉਨ੍ਹਾਂ ਨੂੰ ਸ਼ਾਇਰੀ ਦਾ ਦੌਰਾ ਪੈ ਗਿਆ, ਤੇ ਕਾਗ਼ਜ਼ ਪੈਨਸਲ ਲੈ ਕੇ ਇੱਕ ਸ਼ੇਅਰ ਲਿਖ ਮਾਰਿਆ:

"ਅਬ ਤੱਕ ਨਹੀਂ ਮਾਲੂਮ ਥਾ ਇਸ਼ਕ ਕਿਆ ਚੀਜ਼ ਹੈ,
ਰੋਜ਼ੇ ਕੋ ਦੇਖ ਕਰ ਮੇਰੇ ਭੀ ਇਸ਼ਕ ਨੇ ਬਲਵਾ ਕਿਆ।"

ਵਿਜੈ ਕੁਮਾਰ ਸਿਨ੍ਹਾ ਤਾਂ 'ਇਸ਼ਕ ਨੇ ਬਲਵਾ ਕਿਆ, ਇਸ਼ਕ ਨੇ ਬਲਵਾ ਕਿਆ' ਚੀਖਦਿਆਂ ਉਛਲ ਪਏ ਤੇ ਦੱਤ ਇਨ੍ਹਾਂ ਦਾ ਮੂੰਹ ਦੇਖਦੇ ਰਹਿ ਗਏ। ਭਗਤ ਸਿੰਘ ਨੇ ਆਪਣੀ ਜੇਬ ਵਿਚੋਂ ਪਿਸਤੌਲ ਕੱਢਿਆ ਅਤੇ ਨਾਲੀ ਵੱਲ ਤੋਂ ਇਸ ਨੂੰ ਫੜ ਕੇ ਰਾਜ ਗੁਰੂ ਵੱਲ ਹੱਥ ਵਧਾ ਕੇ ਬੋਲੇ, "ਤੂੰ ਮੈਨੂੰ ਜੀਉਂਦਾ ਨਹੀਂ ਰਹਿਣ ਦੇਣਾ ਤਾਂ ਲੈ ਮਾਰਦੇ, ਨਹੀਂ ਤਾਂ ਇਹ ਵਾਅਦਾ ਕਰ ਕਿ ਫੇਰ ਕਦੀ ਸ਼ੇਰ, ਚੀਤਾ, ਭੇੜੀਆ, ਕੁੱਤਾ ਕੁੱਝ ਨਹੀਂ ਬਣਾਏਂਗਾ।" ਵੇਚਾਰੇ ਰਾਜ ਗੁਰੂ ਦੰਗ ਰਹਿ ਗਏ। ਫਿਰ ਸ਼ਾਇਦ ਹੀ ਉਨ੍ਹਾਂ ਕਦੇ ਹਿੰਦੀ ਜਾਂ ਹਿੰਦੋਸਤਾਨੀ ਵਿੱਚ ਕਾਵਿ ਰਚਨਾ ਰਚੀ ਹੋਵੇ; ਮਰਾਠੀ ਦੀ ਰਾਮ ਜਾਣੇ।

ਉਧਰ ਸੁਖ ਦੇਵ ਤੇ ਉਸ ਦੇ ਲੰਗੋਟੀਏ ਯਾਰ ਭਗਤ ਸਿੰਘ, ਇਨ੍ਹਾਂ ਦਾ ਮੁੱਖ 'ਸ਼ੁਗਲ' — ਲਾਹੌਰ ਦੀ ਪ੍ਰਸਿੱਧ ਦਵਾਰਕਾ ਦਾਸ ਲਾਇਬ੍ਰੇਰੀ ਦੇ ਇਨ੍ਹਾਂ ਦੇ ਹਮ ਉਮਰ ਲਾਇਬ੍ਰੇਰੀਅਨ, ਰਾਜਾ ਰਾਮ ਸ਼ਾਸਤਰੀ ਨੂੰ ਛੇੜਨਾ ਤੇ ਤੰਗ ਕਰਨਾ। ਅੱਧੀ ਰਾਤੀਂ ਸ਼ਾਸਤਰੀ ਜੀ ਦੇ ਬਿਲਕੁਲ ਤੰਗ ਜਿਹੇ ਕਮਰੇ ਦਾ ਦਰਵਾਜ਼ਾ ਖੜਕਾਉਣਾ ਤੇ ਦਰਵਾਜ਼ਾ ਖੁੱਲ੍ਹਣ ਤੇ ਬੂਟ ਜੁੱਤੀ ਲਾਹ ਕੇ ਮੇਜ਼ਬਾਨ ਦੇ ਬਿਸਤਰੇ 'ਤੇ ਉਹਦੇ ਦੋਹੀ ਪਾਸੀਂ ਪਹਿਲਾਂ ਨਿੱਠ ਕੇ ਬੈਠਣਾ ਤੇ ਫਿਰ ਲੇਟ ਕੇ; ਤਦ ਸ਼ਾਸਤਰੀ ਨੇ ਤੰਗ ਆ ਕੇ ਮੰਜਾ ਛੱਡ ਕੇ ਹੇਠਾਂ ਲੇਟ ਜਾਣਾ। ਪਰਾਹੁਣਿਆਂ ਨੇ ਇੱਕ-ਦੂਜੇ ਨੂੰ ਮੁਖਾਤਬ ਹੋ ਕੇ ਕਹਿਣਾ, "ਇਸ ਵਿੱਚ ਰੱਤੀ ਵੀ ਸ਼ੱਕ ਨਹੀਂ ਕਿ ਰਾਜਾ ਰਾਮ ਆਪਣੇ ਦੋਸਤਾਂ (ਭਾਵ ਸਾਨੂੰ) ਕਿੰਨਾ ਪਿਆਰ ਕਰਦਾ ਹੈ, ਵੇਚਾਰਾ!" ਰਾਜਾ ਰਾਮ ਨੇ ਅੱਗ ਬਿਗੋਲੇ ਹੋ ਕੇ ਕਹਿਣਾ, "ਵੇਖੋ, ਨਾਲੇ ਮੇਰਾ ਮੰਜਾ-ਬਿਸਤਰਾ ਖੋਹ ਲਿਐ ਉਤੋਂ ਝੇੜਾ ਕਰਦੇ ਨੇ।" ਐਨੇ ਨੂੰ ਪਰਾਹੁਣਿਆਂ ਵਿੱਚੋਂ ਇੱਕ ਨੇ ਕਹਿਣਾ, "ਭਾਈ ਸਮਾਜਵਾਦ ਕਹਿੰਦਾ ਹੈ ਮਿਲ ਕੇ ਆਨੰਦ ਲਵੋ"; ਤੇ ਮੰਜਾ ਚੁੱਕ ਕੇ ਤਿੰਨੇ ਹੀ ਥੱਲੇ ਘਰਾੜੇ ਮਾਰਦੇ ਸੌਂ ਜਾਂਦੇ। ਇਸੇ

ਤਰ੍ਹਾਂ ਹੀ ਰਾਜਾ ਰਾਮ ਦੇ ਹੋਟਲ 'ਚ ਰੋਟੀ ਖਾਂਦੇ ਸਮੇਂ, ਦੋਹੀਂ ਪਾਸੀਂ ਬੈਠ ਕੇ ਉਹਦੀ ਥਾਲੀ ਵਿੱਚੋਂ ਹੀ ਰੋਟੀ ਖਾਈ ਜਾਣਾ ਤ ਨਾਲ ਹੀ ਖੀਰ ਦੇ ਆਡਰ-ਤੇ-ਆਡਰ ਦੇਈ ਜਾਣਾ।

ਜਦੋਂ ਇਨਕਲਾਬੀ ਪਾਰਟੀ ਨੇ ਵੱਡਾ ਮੋੜ ਕੱਟਣਾ ਸੀ ਅਪ੍ਰੈਲ 1929 ਵਿੱਚ ਅਸੈਂਬਲੀ ਵਿੱਚ ਧਮਾਕਾ ਕਰਕੇ, ਤਾਂ ਰਾਜ ਗੁਰੂ ਨੂੰ ਪਤਾ ਲੱਗਾ ਕਿ ਭਗਤ ਸਿੰਘ ਉਹਦੀ ਬਜਾਏ ਦੱਤ ਨੂੰ ਨਾਲ ਲੈ ਜਾ ਰਿਹਾ ਹੈ, ਤਾਂ ਉਹਦੀ ਨੀਂਦਰ ਹਰਾਮ ਹੋ ਗਈ — ਕਿਉਂਕਿ ਸਾਰਿਆਂ ਨੂੰ ਲੱਗਦਾ ਸੀ ਕਿ ਅਸੈਂਬਲੀ ਕਾਂਡ ਦੇ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਵੇਗੀ। ਰਾਜ ਗੁਰੂ ਨੂੰ ਹਮੇਸ਼ਾ ਹੀ ਇਹ ਤੌਖਲਾ ਰਹਿੰਦਾ ਸੀ ਕਿ ਭਗਤ ਸਿੰਘ ਉਸ ਨੂੰ ਦਾਅ ਲਾ ਕੇ ਖ਼ੁਦ ਪਹਿਲਾਂ ਫ਼ਾਂਸੀ ਚੜ੍ਹ ਜਾਵੇਗਾ। ਸੋ ਉਹ ਭੱਜਾ-ਭੱਜਾ ਆਜ਼ਾਦ ਹੋਰਾਂ ਕੋਲ ਸਿਫ਼ਾਰਸ਼ ਪੁਆਉਣ ਲਈ ਪਹੁੰਚਿਆ। ਜਦ ਉਹਨੂੰ ਦੱਸਿਆ ਗਿਆ ਕਿ ਆਤਮ ਸਮਰਪਣ ਉਪਰੰਤ ਅਦਾਲਤੀ ਬਿਆਨ ਅੰਗ੍ਰੇਜ਼ੀ ਵਿੱਚ ਹੀ ਦੇਣਾ ਹੈ, ਤਾਂ ਰਾਜ ਗੁਰੂ ਨੇ ਜਵਾਬ ਦਿੱਤਾ ਕਿ ਮੈਨੂੰ ਭਾਵੇਂ ਕਿੰਨਾ ਹੀ ਲੰਮਾ ਬਿਆਨ ਅੰਗ੍ਰੇਜ਼ੀ ਵਿੱਚ ਲਿਖ ਕੇ ਦੇ ਦਿਉ, ਮੈਂ ਤੋਤੇ ਵਾਂਗ ਰੱਟ ਲਵਾਂਗਾ। ਪਰ ਫਿਰ ਵੀ, 'ਵੇਚਾਰੇ' ਦਾ 'ਕੰਮ ਨਹੀਂ ਬਣਿਆ'। ਇਹ ਵੱਖਰੀ ਗੱਲ ਹੈ ਕਿ ਇਸ ਤੋਂ ਪਹਿਲਾਂ ਭਾਵ 17 ਦਸੰਬਰ 1928, ਸਾਂਡਰਸ ਦੇ ਕਤਲ ਮੌਕੇ, ਕਤਲ ਦੀ ਜ਼ਿੰਮੇਵਾਰੀ ਭਗਤ ਸਿੰਘ ਨੂੰ ਸੌਂਪੀ ਗਈ ਸੀ ਤੇ ਰਾਜ ਗੁਰੂ ਨੇ ਕੇਵਲ ਭਗਤ ਸਿੰਘ ਦੀ ਹਿਫ਼ਾਜ਼ਤ ਹੀ ਕਰਨੀ ਸੀ, ਪਰ 'ਭਾਈ ਕਾਹਲਾ' ਗੋਲੀ ਚਲਾਉਣੋਂ ਰਹਿ ਨਾ ਸਕਿਆ ਤੇ ਪੈਂਦੀ ਸੱਟੇ ਸਾਂਡਰਸ 'ਤੇ ਗੋਲੀ ਦਾਗ਼ ਦਿੱਤੀ।

ਉਧਰ ਪਾਰਟੀ, ਭਗਤ ਸਿੰਘ ਦੀ ਕੁਰਬਾਨੀ ਦੇਣਾ ਨਹੀਂ ਸੀ ਚਾਹੁੰਦੀ ਤੇ ਸੈਂਟ੍ਰਲ ਕਮੇਟੀ ਮੀਟਿੰਗ ਵਿੱਚ ਅਜਿਹਾ ਹੀ ਫ਼ੈਸਲਾ ਲਿਆ ਗਿਆ। ਸੁਖ ਦੇਵ ਉਸ ਮੀਟਿੰਗ ਵਿੱਚ ਹਾਜ਼ਰ ਨਹੀਂ ਸੀ, ਤੇ ਜਦੋਂ ਉਹਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਦਿੱਲੀ ਪਹੁੰਚ ਕੇ, ਆਪਣੇ ਜਿਗਰੀ ਦੋਸਤ ਭਗਤ ਸਿੰਘ ਨਾਲ ਮਿਹਣੋ-ਮਿਹਣੀ ਹੋ ਕੇ, ਉਸ ਨੂੰ ਮਜਬੂਰ ਕੀਤਾ ਕਿ ਉਹ ਕਮੇਟੀ ਕੋਲੋਂ ਖ਼ੁਦ ਨੂੰ ਹੀ ਭੇਜੇ ਜਾਣ ਦੀ ਮੋਹਰ ਲੁਆਏ; ਤੇ ਹੋਇਆ ਵੀ ਇੰਝ ਹੀ — **ਧੰਨ ਅਜਿਹੀ ਦੋਸਤੀ ਤੇ ਧੰਨ ਅਜਿਹਾ ਸਾਥ** !

ਸੁਖ ਦੇਵ ਦਾ 'ਮੀਰੀ' ਗੁਣ ਇਹ ਸੀ ਕਿ ਇਹ 'ਪਰਿਵਾਰ' ਦੇ 'ਕਰਤਾ-ਧਰਤਾ' ਵਾਂਗ ਹਰੇਕ ਸਾਥੀ ਦੀ ਛੋਟੀ-ਵੱਡੀ ਲੋੜ ਨੂੰ ਕਦੇ ਅੱਖੋਂ ਪਰੋਖੇ ਨਹੀਂ ਸੀ ਕਰਦਾ ਤੇ ਵਸੀਲੇ ਜੁਟਾਉਣ ਦਾ ਧਨੀ ਸੀ, ਜਿਸ ਦੀ ਮੁੱਖ ਮਿਸਾਲ ਹੈ — ਭਗਤ ਸਿੰਘ, ਰਾਜ ਗੁਰੂ ਤੇ ਆਜ਼ਾਦ ਨੂੰ ਲਾਹੌਰੋਂ ਬਾਹਰ ਇੰਜ ਲੈ ਜਾਣਾ ਜਿਵੇਂ ਮੱਖਣ ਵਿੱਚੋਂ ਵਾਲ ਕੱਢੀਦਾ ਹੈ। ਪੈਸੇ ਮੰਗੇ ਦੁਰਗਾ 'ਭਾਬੀ' ਸੁਪਤਨੀ ਭਗਵਤੀ ਚਰਨ ਵੋਹਰਾ ਤੋਂ, ਤੇ 'ਇਸ ਵੀਰਾਂਗਨਾ' ਨੇ ਨਾ ਸਿਰਫ਼ ਆਪਣੀ ਬਲਕਿ ਆਪਣੇ ਤਿੰਨ ਸਾਲਾ ਬੇਟੇ ਦੀ ਜਾਨ ਦੀ ਬਾਜ਼ੀ ਲਾ ਕੇ, ਭਗਤ ਸਿੰਘ ਦੀ ਸੁਪਤਨੀ ਦਾ ਡਰਾਮਾ ਖੇਡ ਕੇ 20 ਦਸੰਬਰ 1928 ਨੂੰ, ਰਾਜ ਗੁਰੂ ਸਮੇਤ ਗੱਡੀ ਫੜ ਕੇ ਉਨ੍ਹਾਂ ਨੂੰ ਲਾਹੌਰੋਂ ਬਾਹਰ ਕੱਢਿਆ। ਇਸ ਸਾਰੀ ਯੋਜਨਾ ਪਿੱਛੋਂ ਸੁਖ ਦੇਵ ਦਾ ਹੀ ਦਿਮਾਗ਼ ਸੀ। ਉਧਰ ਆਜ਼ਾਦ ਨੂੰ ਆਪਣੀ ਮਾਤਾ, ਧਰਮ ਭੈਣ, ਤੇ (ਪੰਡਤ) ਕਿਸ਼ੋਰੀ ਲਾਲ ਸਮੇਤ 25 ਦਸੰਬਰ 1928 ਨੂੰ ਮਥੁਰਾ ਭੇਜ ਦਿੱਤਾ। ਸੁਖ ਦੇਵ 'ਤੇ ਜਥੇਬੰਦਕ ਦੇ ਤੌਰ ਤੇ, ਲਾਹੌਰ ਸਾਜਿਸ਼ ਕੇਸ ਦੇ ਜੱਜਾਂ ਨੇ ਇਹ ਟਿੱਪਣੀ ਕੀਤੀ ਸੀ ਕਿ **ਸਾਜਿਸ਼ ਦਾ 'ਦਿਮਾਗ਼' ਇਹੀ ਸੀ, ਤੇ ਭਗਤ ਸਿੰਘ ਇਸ ਦੀ ਸੱਜੀ ਬਾਂਹ ਵਾਂਗ ਸੀ।**

ਸੁਖ ਦੇਵ ਦੀ ਗ੍ਰਿਫ਼ਤਾਰੀ 15 ਅਪ੍ਰੈਲ 1929 ਨੂੰ ਲਾਹੌਰ ਦੀ ਕਸ਼ਮੀਰ ਬਿਲਡਿੰਗ 'ਚ ਸਥਿਤ 'ਬੰਬ ਫੈਕਟਰੀ' ਤੋਂ ਹੋਈ ਸੀ, ਕਿਉਂਕਿ ਅਲਮਾਰੀ ਵਿੱਚ ਇੱਕ 'ਲਾਈਵ ਬੰਬ' ਪਿਆ ਹੋਇਆ ਸੀ। ਇਸ ਨੇ ਸੂਝ-ਬੂਝ ਤੋਂ ਕੰਮ ਲੈਂਦਿਆਂ ਪੁਲਿਸ ਪਾਰਟੀ ਨੂੰ ਇਸ ਬਾਰੇ ਸੁਚੇਤ ਕਰ ਦਿੱਤਾ ਸੀ।

ਗ੍ਰਿਫ਼ਤਾਰੀ ਪਿਛੋਂ, ਜੇਲ੍ਹੀ ਜੀਵਨ ਦੌਰਾਨ ਇਸ ਜਥੇਬੰਦੀ ਨੇ ਆਪਣੇ 'ਅਮਲਾਂ ਰਾਹੀਂ ਪ੍ਰਚਾਰ' ਵਾਲੀ ਰਣਨੀਤੀ ਅਨੁਸਾਰ, ਸਿਆਸੀ ਕੈਦੀਆਂ ਲਈ ਸਨਮਾਨਜਨਕ ਸੁੱਖ-ਸਹੂਲਤਾਂ ਤੇ ਵਰਤਾਉ ਖਾਤਰ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ ਤੇ ਅਕਹਿ ਕਸ਼ਟ ਖਿੜੇ ਮੱਥੇ ਪ੍ਰਵਾਨ ਕੀਤੇ। **ਇਸ ਦੌਰਾਨ ਇਨਾਂ ਦਾ ਅਨਮੋਲ ਸਾਥੀ, 'ਬੰਬ ਮਾਸਟਰ' ਜਤਿਨ ਦਾਸ ਨਾਥ 63 ਦਿਨਾਂ ਦੀ ਭੁੱਖ ਹੜਤਾਲ ਉਪਰੰਤ 13 ਸਤੰਬਰ 1929 ਨੂੰ ਆਪਣੀ ਜਾਨ ਦੇਸ਼ 'ਤੇ ਵਾਰ ਗਿਆ।**

ਅਖੀਰ, ਜਿਵੇਂ ਕਿ ਪਹਿਲਾਂ ਹੀ ਪ੍ਰਤੱਖ ਦਿਸਦਾ ਸੀ, 7 ਅਕਤੂਬਰ 1930 ਨੂੰ ਬਾਦਸ਼ਾਹ ਵਿਰੁੱਧ ਜੰਗ ਵਿੱਢਣ ਅਤੇ ਸਾਂਡਰਸ ਦੇ ਕਤਲ ਲਈ ਭਗਤ ਸਿੰਘ ਤੇ ਰਾਜ ਗੁਰੂ ਨੂੰ ਸਿੱਧੇ ਤੌਰ ਤੇ ਜ਼ਿੰਮੇਵਾਰ ਮਿੱਥ ਕੇ ਤੇ ਸੁਖ ਦੇਵ ਨੂੰ ਅਜਿਹੀ ਸਾਜਿਸ਼ ਦਾ 'ਰਚਣਹਾਰਾ' ਦੇ ਇਲਜ਼ਾਮ ਵਿੱਚ ਫਾਂਸੀ ਦੀਆਂ ਸਜ਼ਾਵਾਂ ਸੁਣਾਈਆਂ। ਆਉਂਦੇ ਚਾਰ-ਪੰਜ ਮਹੀਨੇ ਕਾਨੂੰਨੀ ਨੁਕਤਿਆਂ ਤੇ ਪਾਈਆਂ ਗਈਆਂ ਪਟੀਸ਼ਨਾਂ ਲੇਖੇ ਲੱਗੇ। **ਇਨਕਲਾਬੀ ਤਾਂ ਕਿਸੇ ਕਿਸਮ ਦੀ ਅਪੀਲ ਆਪਣੇ ਵਲੋਂ ਕਰਨ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੇ, ਪਰ ਸੁਹਿਰਦ ਵਕੀਲਾਂ ਨੇ ਆਪਣੇ ਤੌਰ ਤੇ ਸਪੈਸ਼ਲ ਟ੍ਰਿਬਿਊਨਲ ਵਾਲੇ 'ਆਰਡੀਨੈਂਸ' ਨੂੰ ਜਿਹੜਾ ਕਿ 1915 ਵਾਲੇ ਗ਼ਦਰੀ ਮੁਕੱਦਮਿਆਂ ਵਾਂਗ 'ਨਾ ਵਕੀਲ, ਨਾ ਦਲੀਲ, ਨਾ ਅਪੀਲ' ਦੀ ਨਕਲ ਸੀ, ਇਸ ਆਧਾਰ 'ਤੇ ਚੈਲੰਜ ਕੀਤਾ ਸੀ ਕਿ ਅਜਿਹਾ ਕਾਲਾ ਕਾਨੂੰਨ ਸਿਰਫ਼ ਅਮਰਜੈਂਸੀ ਹਾਲਾਤ ਵਿੱਚ ਹੀ ਲਾਗੂ ਕੀਤਾ ਜਾ ਸਕਦੈ, ਜਿਸਦਾ ਕੋਈ ਨਾਮ-ਨਿਸ਼ਾਨ ਵੀ ਮੌਜੂਦ ਨਹੀਂ ਸੀ।**

ਉਧਰ ਦੇਸ਼ ਵਿੱਚ ਇਨ੍ਹਾਂ ਦੀ ਫ਼ਾਂਸੀ ਨੂੰ ਲੈ ਕੇ, ਸਰਕਾਰ ਤੂਫਾਨ ਉੱਠਣ ਦੇ ਪਹਿਲੇ ਦਿਨ ਤੋਂ ਹੀ ਘਬਰਾਈ ਹੋਣ ਕਰਕੇ, ਦਸੰਬਰ 1930 ਤੋਂ ਹੀ ਪੇਸ਼ਬੰਦੀਆਂ ਦਾ ਉੱਲੇਖ ਸਰਕਾਰੀ ਮਿਸਲਾਂ ਵਿਚੋਂ ਮਿਲਦਾ ਹੈ। ਖ਼ਾਸ ਕਰਕੇ ਪੰਜਾਬ ਅਤੇ ਪੰਜਾਬ ਦੇ ਸ਼ਹਿਰ ਲਾਹੌਰ ਵਿੱਚ ਤਾਂ ਇਉਂ ਲਗਦਾ ਸੀ ਕਿ ਕਿਤੇ ਜਨਤਾ ਦਾ ਹੜ੍ਹ ਜੇਲ੍ਹ ਨੂੰ ਹੀ ਨਾ ਢਾਹ ਦੇਵੇ। ਸੋ 17-18 ਮਾਰਚ ਦੀ ਰਾਤ ਨੂੰ ਪੰਜਾਬ ਸਰਕਾਰ ਦੀ ਤਜਵੀਜ਼ 'ਤੇ ਫੈਸਲਾ ਲਿਆ ਗਿਆ ਕਿ ਇਨ੍ਹਾਂ ਤਿੰਨਾਂ ਨੂੰ ਮਿੱਥੀ ਤਾਰੀਖ਼, ਭਾਵ 24 ਮਾਰਚ 1931 ਦੀ ਬਜਾਏ 12 ਘੰਟੇ ਪਹਿਲਾਂ ਹੀ ਸ਼ਹੀਦ ਕਰਕੇ ਇਸ ਦਾ ਐਲਾਨ 24 ਤਾਰੀਖ਼ ਸਵੇਰ ਤੱਕ ਨਾ ਕੀਤਾ ਜਾਏ।

ਨਿਯਮਾਂ ਅਨੁਸਾਰ, ਫਾਂਸੀ ਤੋਂ ਇੱਕ ਦਿਨ ਪਹਿਲਾਂ ਇਨ੍ਹਾਂ ਦੇ ਪਰਿਵਾਰਾਂ ਨੂੰ ਆਖ਼ਰੀ ਮੁਲਾਕਾਤ, ਜੋ 23 ਮਾਰਚ ਸਵੇਰੇ ਨੂੰ ਹੋਣੀ ਨਿਸਚਿਤ ਸੀ, ਨਾ ਹੋ ਸਕੀ। ਕਿਉਂਕਿ ਜੇਲ੍ਹ ਅਧਿਕਾਰੀ ਸਿਰਫ਼ 'ਪਹਿਲੀ ਸ਼੍ਰੇਣੀ' ਦੇ ਰਿਸ਼ਤੇਦਾਰਾਂ – ਭਾਵ ਮਾਂ-ਬਾਪ, ਭੈਣ-ਭਰਾ ਨੂੰ ਹੀ ਮੁਲਾਕਾਤ ਦੀ ਇਜ਼ਾਜਤ ਦੇ ਰਹੇ ਸਨ; ਅਤੇ ਦੂਜੇ ਰਿਸ਼ਤੇਦਾਰਾਂ – ਜਿਵੇਂ ਭਗਤ ਸਿੰਘ ਦੀਆਂ ਚਾਚੀਆਂ, ਦਾਦਾ-ਦਾਦੀ, ਸੁਖ ਦੇਵ ਦੇ ਪਿਤਾ ਸਮਾਨ ਤਾਇਆ, ਲਾਲ ਚਿੰਤ ਰਾਮ ਜੀ, ਆਦਿ ਨੂੰ ਇਸ ਮੁਲਾਕਾਤ ਤੋਂ ਵਿਰਵਾ ਰੱਖਣ ਤੇ ਤੁੱਲੇ ਹੋਏ ਸਨ। ਜੇਲ੍ਹ ਅਧਿਕਾਰੀਆਂ ਦੀ ਇਸ ਜਿਆਦਤੀ ਵਿਰੁੱਧ, ਤਿੰਨਾਂ ਦੇ ਪਰਿਵਾਰਾਂ ਨੇ ਇਸ ਮੁਲਾਕਾਤ ਦਾ ਮੁਕੰਮਲ ਬਾਈਕਾਟ ਹੀ ਕਰ ਦਿੱਤਾ। **ਰਾਜ ਗੁਰੂ ਦੇ ਮਾਤਾ ਜੀ, ਜੋ ਪੂਨੇ ਤੋਂ ਇਸ ਮਕਸਦ ਲਈ ਚਲ ਕੇ ਆਏ ਸਨ, ਉਨ੍ਹਾਂ ਵੀ, ਬੇਟੇ ਦਾ ਆਖਰੀ ਵੇਲੇ ਮੂੰਹ ਦੇਖਣ ਦਾ ਸੰਕਲਪ ਤਿਆਗ ਦਿੱਤਾ।**

ਇਨ੍ਹਾਂ ਸ਼ਹੀਦਾਂ ਦੇ ਸਾਥੀਆਂ ਦੀ ਆਖ਼ਰੀ ਮੁਲਾਕਾਤ ਇਨ੍ਹਾਂ ਨਾਲ ਦਸੰਬਰ 1930 ਵਿਚ ਹੀ ਹੋ ਚੁੱਕੀ ਸੀ, ਜਦੋਂ ਉਮਰ ਕੈਦੀਆਂ ਤੇ ਘੱਟ ਕੈਦ ਦੀਆਂ ਸਜ਼ਾਵਾਂ ਵਾਲਿਆਂ ਨੂੰ ਲਾਹੌਰ ਜੇਲ੍ਹ ਤੋਂ ਬਦਲ ਕੇ ਦੇਸ਼ ਦੀਆਂ ਦੂਜੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ ਸੀ। ਇਨ੍ਹਾਂ ਦੇ ਨੇੜਲੇ ਸਾਥੀ ਤੇ ਦੋਸਤ, ਸ਼ਿਵ ਵਰਮਾ ਅਨੁਸਾਰ, "ਜੇਲ੍ਹ ਦਾ ਵੱਡਾ ਦਾਰੋਗਾ ਆਪਣੇ ਪੂਰੇ ਲਾਮ-ਲਸ਼ਕਰ ਨਾਲ ਸਾਨੂੰ ਨਾਲ ਲੈ ਕੇ ਫਾਟਕ ਵੱਲ ਚੱਲ ਪਿਆ। ਕੁੱਝ ਦੂਰ ਚੱਲ ਕੇ ਉਸ ਨੇ ਪੁੱਛਿਆ, "ਆਪਣੇ ਸਾਥੀਆਂ ਨੂੰ ਮਿਲੋਗੇ?" ...ਇਸ ਨਰਮ-ਦਿਲੀ ਲਈ ਧੰਨਵਾਦ ਲੈ ਕੇ ਉਸ ਨੇ ਫ਼ਾਂਸੀ ਵਾਲੇ ਅਹਾਤੇ ਦਾ ਫਾਟਕ ਖੁੱਲ੍ਹਵਾਇਆ ਅਤੇ ਸਾਨੂੰ ਭਗਤ ਸਿੰਘ, ਰਾਜ ਗੁਰੂ ਤੇ ਸੁਖ ਦੇਵ ਦੀਆਂ ਕੋਠੜੀਆਂ ਸਾਹਮਣੇ ਲੈ ਜਾਕੇ ਖੜ੍ਹਾ ਕਰ ਦਿੱਤਾ। ਜ਼ਿੰਦਗੀ ਵਿੱਚ ਇਹ ਸਾਥੀ ਦੇਖਣ ਨੂੰ ਨਹੀਂ ਮਿਲਣੇ, ਇਸ ਸੋਚ ਨਾਲ ਸਾਡੇ ਚਿਹਰੇ ਉਦਾਸ ਸਨ। ਉਨ੍ਹਾਂ ਤੋਂ ਆਖਰੀ ਵਿਦਾਈ ਲੈ ਕੇ ਜਦੋਂ ਅਸੀਂ ਚੱਲਣ ਲੱਗੇ ਤਾਂ ਸਾਡੇ ਵਿਚੋਂ ਇੱਕ ਸਾਥੀ, ਜੈਦੇਵ ਕਪੂਰ ਨੇ ਭਗਤ ਸਿੰਘ ਨੂੰ ਪੁੱਛਿਆ, "ਸਰਦਾਰ ਤੁਸੀਂ ਸ਼ਹੀਦ ਹੋਣ ਜਾ ਰਹੇ ਹੋ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਤੁਹਾਨੂੰ ਇਸ ਦਾ ਅਫ਼ਸੋਸ ਤਾਂ ਨਹੀਂ ਹੈ?"

ਸਵਾਲ ਸੁਣ ਕੇ ਪਹਿਲਾਂ ਤਾਂ ਸਰਦਾਰ ਠਹਾਕਾ ਮਾਰ ਕੇ ਹੱਸਿਆ, ਫਿਰ ਗੰਭੀਰ ਹੋ ਕੇ ਬੋਲਿਆ, **"ਇਨਕਲਾਬ ਦੇ ਰਾਹ 'ਤੇ ਕਦਮ ਰੱਖਦਿਆਂ ਮੈਂ ਸੋਚਿਆ ਸੀ ਕਿ ਜੇ ਮੈਂ ਆਪਣਾ ਜੀਵਨ ਦੇ ਕੇ ਦੇਸ਼ ਦੇ ਕੋਨੇ-ਕੋਨੇ ਤੱਕ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਪਹੁੰਚਾ ਸਕਾਂ ਤਾਂ ਮੈਂ ਸਮਝਾਂਗਾ ਕਿ ਮੈਨੂੰ ਆਪਣੇ ਜੀਵਨ ਦਾ ਮੁੱਲ ਮਿਲ ਗਿਆ ਹੈ। ਅੱਜ ਫ਼ਾਂਸੀ ਦੀ ਇਸ ਕੋਠੜੀ ਵਿੱਚ ਲੋਹੇ ਦੀਆਂ ਸੀਖਾਂ ਪਿੱਛੇ ਬੈਠ ਕੇ ਵੀ ਮੈਂ ਕਰੋੜਾ ਦੇਸ਼ ਵਾਸੀਆਂ ਦੇ**

**ਮੂੰਹੋਂ ਗੂੰਜਦੀ ਉਸ ਨਾਅਰੇ ਦੀ ਆਵਾਜ਼ ਸੁਣ ਸਕਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਮੇਰਾ ਇਹ ਨਾਅਰਾ ਆਜ਼ਾਦੀ ਦੇ ਸੰਘਰਸ਼ ਦੀ ਚਾਲਕ ਸ਼ਕਤੀ ਦੇ ਰੂਪ ਵਿੱਚ ਸਾਮਰਾਜੀਆਂ 'ਤੇ ਵਾਰ ਕਰਦਾ ਰਹੇਗਾ।"** ਫਿਰ ਕੁੱਝ ਰੁਕ ਕੇ ਆਪਣੀ ਸੁਭਾਵਕ ਮੁਸਕਰਾਹਟ ਵਿੱਚ ਉਸ ਨੇ ਕਿਹਾ, **"ਐਨੀ ਛੋਟੀ ਜ਼ਿੰਦਗੀ ਦਾ ਮੁੱਲ ਹੋਰ ਹੋ ਵੀ ਕੀ ਸਕਦਾ ਹੈ?"**

ਭਗਤ ਸਿੰਘ ਦੀ ਜੇਲ੍ਹ ਜੀਵਨ ਦੌਰਾਨ, ਬੋਘਾ ਨਾਂ ਦਾ 'ਸੇਵਕ' ਉਨ੍ਹਾਂ ਦੀ ਕੋਠੜੀ ਸਾਫ਼ ਕਰਦਾ ਸੀ। ਉਸ ਨੂੰ ਭਗਤ ਸਿੰਘ ਪਿਆਰ ਨਾਲ 'ਬੇਬੇ' ਕਿਹਾ ਕਰਦੇ ਸਨ, ਜਿਵੇਂ ਕਿ ਉਹ ਆਪਣੇ ਮਾਤਾ ਜੀ ਨੂੰ ਬੁਲਾਉਂਦੇ ਸਨ — ਭਾਵ ਇਹ ਸੀ ਕਿ ਜਾਂ ਮੇਰੀ ਜਨਮ ਦਾਤੀ ਨੇ ਮੇਰਾ ਮਲ-ਮੂਤਰ ਸਮੇਟਿਆ ਸੀ, ਜਾਂ ਫਿਰ ਹੁਣ ਇਹ ਕਰ ਰਿਹਾ ਹੈ। 23 ਮਾਰਚ ਦੁਪਹਿਰੋਂ ਕੁੱਝ ਚਿਰ ਪਹਿਲਾਂ ਜੇਲ੍ਹ ਦਾਰੋਗਾ ਨੇ ਭਗਤ ਸਿੰਘ ਤੋਂ ਪੁੱਛਿਆ ਕਿ ਅੱਜ ਕੋਈ ਖ਼ਾਸ ਫ਼ਰਮਾਇਸ਼? ਭਗਤ ਸਿੰਘ ਨੇ ਕਿਹਾ ਕਿ "ਅੱਜ 'ਬੇਬੇ' ਦੇ ਹੱਥਾਂ ਦੀ ਪੱਕੀ ਰੋਟੀ ਖਾਣ ਨੂੰ ਜੀ ਕਰਦਾ ਹੈ।" ਜੇਲ੍ਹਰ ਨੇ ਕਿਹਾ ਕਿ ਹੁਣੇ ਪਿੰਡ ਸੁਨੇਹਾ ਭੇਜਦਾ ਹਾਂ। ਤਾਂ ਭਗਤ ਸਿੰਘ ਨੇ ਟੋਕਿਆ, "ਨਹੀਂ, ਮੇਰੀ 'ਬੇਬੇ' ਤਾਂ ਇੱਥੇ ਹੀ ਹੈ।" ਭੇਦ ਖੁੱਲ੍ਹਿਆ ਤਾਂ ਬੋਘੇ ਨ ਭਗਤ ਸਿੰਘ ਕੋਲ ਭੇਜਿਆ ਗਿਆ। ਇਸ ਦ੍ਰਿਸ਼ ਨੂੰ ਪ੍ਰਸਿੱਧ ਨਾਟਕਕਰਮੀ ਦਵਿੰਦਰ ਦਮਨ ਨੇ ਆਪਣੀ ਸ਼ਾਹਕਾਰ ਰਚਨਾ 'ਛਿਪਣ ਤੋਂ ਪਹਿਲਾਂ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:

ਬੋਘਾ: ਮੇਰੇ ਲਾਇਕ ਕੋਈ ਸੇਵਾ ਹੈ ਤਾਂ ਦੱਸ।

ਭਗਤ ਸਿੰਘ: ਸੇਵਾ ਤਾਂ ਹੈ ਜੇ ਮੰਨੇਂ ਤਾਂ।

ਬੋਘਾ: ਤੂੰ ਮੂਹੋਂ ਤਾਂ ਫੁੱਟ ਜੇ ਮੇਰੇ ਕਰਨ ਦੀ ਹੋਵੇ, ਮੇਰੇ ਵੱਸ ਦੀ।

ਭਗਤ ਸਿੰਘ: ਆਪਣੇ ਹੱਥ ਦੀ ਪੱਕੀ ਰੋਟੀ ਖੁਆ ਦੇ।

ਬੋਘਾ: (ਦੋਚਿੱਤੀ ਵਿੱਚ ਉਸ ਵੱਲ ਵੇਖਦਾ ਹੀ ਰਹਿ ਜਾਂਦਾ ਹੈ ਤੇ ਫਿਰ ਹਾਂ ਵਿੱਚ ਸਿਰ ਹਿਲਾਉਂਦਾ ਹੈ — ਫਿਰ ਟੋਕਰੀ ਤੇ ਝਾੜੂ ਚੁੱਕ ਲੈਂਦਾ ਹੈ। ਕੋਠੀ ਦੇ ਬੂਹੇ ਤੱਕ ਜਾਂਦਾ ਹੈ। ਰੁਕਦਾ ਹੈ, ਫਿਰ ਮੁੜ ਕੇ ਭਗਤ ਸਿੰਘ ਵੱਲ ਵੇਖਦਾ ਹੈ) ਅੱਜ ਸ਼ਾਮੀਂ ਜਦੋਂ ਡਿਊਟੀ 'ਤੇ ਆਵਾਂਗਾ ਤੇ ਪਕਾਅ ਕੇ ਲਾਵਾਂਗਾ। (ਅੱਖਾਂ ਪੂੰਝ ਕੇ ਟੁਰ ਜਾਂਦਾ ਹੈ ਤੇ ਭਗਤ ਸਿੰਘ ਉਸ ਵੱਲ ਦੇਖ ਕੇ ਮੁਸਕਰਾਉਂਦਾ ਹੈ)...

ਪਰ ਸ਼ਾਇਦ... ਸ਼ਾਇਦ... ਬੋਘੇ ਦੇ ਡਿਊਟੀ 'ਤੇ ਆਉਣ ਤੋਂ ਪਹਿਲਾਂ ਹੀ ਉਸ ਦਾ ਸਰਦਾਰ ਜਾ ਚੁੱਕਾ ਹੁੰਦਾ ਹੈ... ਸਦਾ ਲਈ... ਅਤੇ ਸਦਾ ਲਈ...

ਅਜਿਹਾ ਇਕ ਹੋਰ ਸ਼ਹੀਦ ਚੈਕੋਸਲਵਾਕੀਆ ਦਾ ਜੂਲੀਅਸ ਫ਼ਿਊਚਿਕ ਆਪਣੀ ਅੰਤਲੀ ਦਸਤਾਵੇਜ਼ 'ਫਾਂਸੀ ਦੇ ਤਖ਼ਤੇ ਤੋਂ' ਵਿੱਚ ਦੁਨੀਆਂ ਤੋਂ ਵਿਦਾਈ ਦੇ ਹਾਵ-ਭਾਵ ਇਸ ਤਰ੍ਹਾਂ ਪ੍ਰਗਟਾਉਂਦਾ ਹੈ:—

"ਮੈਂ ਜ਼ਿੰਦਗੀ ਨੂੰ ਪਿਆਰਦਾ ਹਾਂ; ਤੇ ਇਸ ਦੇ ਸੁਹਪਣ ਖ਼ਾਤਰ ਸੰਗ੍ਰਾਮ ਵਿੱਚ ਪਿਆ। ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਮੇਰੇ ਲੋਕੋ, ਤੇ ਖਿਝ ਜਾਂਦਾ ਸਾਂ ਜਦੋਂ ਤੁਸੀਂ ਮੇਰਾ ਪਿਆਰ ਮੋੜਦੇ ਸਉ। ਮੈਂ ਦੁਖੀ ਹੁੰਦਾ ਸਾਂ ਜਦੋਂ ਤੁਸੀਂ ਮੈਨੂੰ ਗਲਤ ਸਮਝਦੇ ਸਉ। ਤੁਹਾਨੂੰ ਜਿਨ੍ਹਾਂ ਨੂੰ ਕਦੇ ਠੇਸ ਲਾਈ, ਮੈਨੂੰ ਮੁਆਫ਼ ਕਰ ਦਿਓ। ਤੁਹਾਨੂੰ ਜਿਨ੍ਹਾਂ ਨੂੰ ਮੈਂ ਖੁਸ਼ੀ ਦਿੱਤੀ, ਮੈਨੂੰ ਭੁੱਲ ਜਾਓ। ਉਦਾਸੀ ਕਦੇ ਮੇਰੇ ਨਾਂ ਨਾਲ ਜੋੜੀ ਨਾ ਜਾਏ। ਇਹ ਮੇਰੀ ਆਖ਼ਰੀ ਵਸੀਅਤ ਹੈ ਤੁਸਾਂ ਲਈ, ਮੇਰੀ ਮਾਂ-ਪਿਤਾ ਤੇ ਤੇਰੇ ਲਈ (ਮੇਰੀ ਗ਼ਸਤੀਨਾ - ਪਤਨੀ); ਤੁਹਾਡੇ ਲਈ ਮੇਰੇ ਸਾਥੀਓ ਅਤੇ ਉਨ੍ਹਾਂ ਸਾਰਿਆਂ ਲਈ ਜਿਨ੍ਹਾਂ ਨੂੰ ਮੈਂ ਪਿਆਰਦਾ ਸਾਂ। ਜੇ ਤੁਸੀਂ ਸਮਝੋ ਕਿ ਹੰਝੂ ਗ਼ਮ ਦੀ ਧੂੜ ਧੋ ਸਕਦੇ ਹਨ, ਥੋੜ੍ਹਾ ਕੁ ਰੋ ਲਉ; ਪਰ ਅਫ਼ਸੋਸ ਕਦੇ ਨਾ ਕਰਿਉ। **ਮੈਂ ਖੁਸ਼ੀ ਖ਼ਾਤਰ ਜੀਵਿਆ, ਖੁਸ਼ੀ ਖ਼ਾਤਰ ਮਰ ਰਿਹਾ ਹਾਂ। ਗ਼ਮ ਦੇ ਫ਼ਰਿਸ਼ਤੇ ਨੂੰ ਮੇਰੀ ਕਬਰ 'ਤੇ ਬਿਠਾਉਣਾ ਬੇ-ਇਨਸਾਫੀ ਹੋਵੇਗੀ।**

---